# engage.dss.gov.au template

*ਔਰਤਾਂ ਅਤੇ ਉਹਨਾਂ ਦੇ ਬੱਚਿਆਂ ਖਿਲਾਫ਼ ਹਿੰਸਾ ਘਟਾਉਣ ਲਈ ਰਾਸ਼ਟਰੀ ਯੋਜਨਾ (National Plan to Reduce Violence against Women and their Children) 2010–2022* ਦੀ ਜਗ੍ਹਾ ਲੈਣ ਵਾਲੀ ਯੋਜਨਾ ਵਿਕਸਿਤ ਕਰਨੀ

ਆਪਣੀ ਗੱਲ ਕਹੋ ਅਤੇ ਭਵਿੱਖ ਦੇ ਆਸਟ੍ਰੇਲੀਆ ਵਿੱਚ ਪਰਿਵਾਰਕ, ਘਰੇਲ ਅਤੇ ਜਿਨਸੀ ਹਿੰਸਾ ਘਟਾਉਣ ਲਈ ਭਵਿੱਖ ਨੂੰ ਨਵੀਂ ਨੁਹਾਰ ਦੇਣ ਵਿੱਚ ਮਦਦ ਕਰੋ



## Body content

# ਆਪਣੀ ਗੱਲ ਕਹੋ ਅਤੇ ਭਵਿੱਖ ਦੇ ਆਸਟਰੇਲੀਆ ਵਿੱਚ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਘਟਾਉਣ ਲਈ ਭਵਿੱਖ ਨੂੰ ਨਵੀਂ ਨੁਹਾਰ ਦੇਣ ਵਿੱਚ ਮਦਦ ਕਰੋ

*ਅਗਲੀ ਰਾਸ਼ਟਰੀ ਯੋਜਨਾ*

ਆਸਟ੍ਰੇਲੀਆ ਦੀ ਸਰਕਾਰ *ਔਰਤਾਂ ਅਤੇ ਉਹਨਾਂ ਦੇ ਬੱਚਿਆਂ ਖਿਲਾਫ਼ ਹਿੰਸਾ ਘਟਾਉਣ ਲਈ ਰਾਸ਼ਟਰੀ ਯੋਜਨਾ 2010-2022* (ਰਾਸ਼ਟਰੀ ਯੋਜਨਾ) ਵਿਕਸਿਤ ਕਰ ਰਹੀ ਹੈ।

ਨਵੀਂ ਅਗਲੀ ਯੋਜਨਾ ਪਰਿਵਾਰਕ, ਘਰੇਲੂ, ਅਤੇ ਜਿਨਸੀ ਹਿੰਸਾ (FDSV) ਨੂੰ ਘਟਾਉਣ ਲਈ ਸਮੁੱਚੇ ਦੇਸ਼ ਵਿਚਲੀਆਂ ਸਰਕਾਰਾਂ, ਸੰਗਠਨਾਂ ਅਤੇ ਵਿਅਕਤੀ-ਵਿਸ਼ੇਸ਼ਾਂ ਦੀਆਂ ਕੋਸ਼ਿਸ਼ਾਂ ਨੂੰ ਇਕੱਠਾ ਕਰਨ ਲਈ ਵਰਤਮਾਨ ਰਾਸ਼ਟਰੀ ਯੋਜਨਾ ਵੱਲੋਂ ਕੀਤੇ ਕਾਰਜ ’ਤੇ ਉਸਾਰੀ ਕਰੇਗੀ।

ਸਮਾਜਕ ਸੇਵਾਵਾਂ ਵਿਭਾਗ ਸਮੁੱਚੇ ਆਸਟ੍ਰੇਲੀਆ ਵਿੱਚ ਵਿਅਕਤੀ-ਵਿਸ਼ੇਸ਼ਾਂ ਅਤੇ ਸੰਗਠਨਾਂ ਵਾਸਤੇ ਇੱਕ ਜਨਤਕ ਸਲਾਹ-ਮਸ਼ਵਰਾ ਚਲਾ ਰਿਹਾ ਹੈ ਤਾਂ ਜੋ ਤੁਸੀਂ ਆਪਣੀ ਗੱਲ ਕਹਿ ਸਕੋ ਅਤੇ ਅਗਲੀ ਰਾਸ਼ਟਰੀ ਯੋਜਨਾ ਵਿਕਸਿਤ ਕਰਨ ਵਿੱਚ ਸਾਡੀ ਮਦਦ ਕਰ ਸਕੋ।

*ਆਪਣੀ ਗੱਲ ਕਹੋ*

ਅਗਲੀ ਰਾਸ਼ਟਰੀ ਯੋਜਨਾ ਨੂੰ ਨੁਹਾਰ ਦੇਣ ਅਤੇ 2022 ਤੋਂ ਬਾਅਦ ਆਸਟ੍ਰੇਲੀਆ ਵਿੱਚ FDSV ਘਟਾਉਣ ਲਈ ਤੁਹਾਡੇ ਵਿਚਾਰ ਬਹੁਤ ਜ਼ਰੂਰੀ ਹਨ।
ਅਸੀਂ ਪਰਿਵਾਰਕ ਸਲਾਮਤੀ ਦੇ ਐਡਵੋਕੇਟਾਂ, ਸੰਗਠਨਾਂ, ਹਿੰਸਾ ਦੇ ਅਨੁਭਵ ਹੰਢਾ ਚੁੱਕੇ ਲੋਕਾਂ, ਖੋਜਕਾਰਾਂ, ਸੇਵਾ ਪ੍ਰਦਾਨਕਾਂ, ਮੂਹਰਲੀ ਕਤਾਰ ਦੇ ਸਭ ਤੋਂ ਪਹਿਲਾਂ ਪ੍ਰਤਿਕਿਰਿਆ ਦਿਖਾਉਣ ਵਾਲੇ ਲੋਕਾਂ, ਕਾਰੋਬਾਰਾਂ, ਸੂਬਾਈ ਅਤੇ ਸਥਾਨਕ ਸਰਕਾਰਾਂ ਅਤੇ ਜਨਤਾ ਦੇ ਵਿਚਾਰ ਸੁਣਨੇ ਚਾਹੁੰਦੇ ਹਾਂ।

ਸਲਾਹ-ਮਸ਼ਵਰੇ ਦੌਰਾਨ ਪ੍ਰਦਾਨ ਕੀਤੀ ਗਈ ਫੀਡਬੈਕ ਰਾਸ਼ਟਰੀ ਅਤੇ ਸੂਬਾਈ ਅਤੇ ਖਿੱਤੇ ਦੇ ਪੱਧਰ ’ਤੇ ਅਗਲੀ ਰਾਸ਼ਟਰੀ ਯੋਜਨਾ ਵਾਸਤੇ ਪ੍ਰਮੁੱਖ ਤਰਜੀਹਾਂ ਅਤੇ ਜ਼ਿਆਦਾ ਧਿਆਨ ਦੇਣ ਵਾਲੇ ਖੇਤਰਾਂ ਵਾਸਤੇ ਜਾਣਕਾਰੀ ਦੇਵੇਗੀ। ਇਹ ਪਰਿਵਾਰਕ, ਘਰੇਲੂ, ਅਤੇ ਜਿਨਸੀ ਹਿੰਸਾ ਬਾਰੇ ਪਾਰਲੀਮੈਂਟਰੀ ਪੜਤਾਲ (ਪੜਤਾਲ)ਰਾਹੀਂ ਪ੍ਰਾਪਤ ਹੋਈ ਫੀਡਬੈਕ ’ਤੇ ਵੀ ਉਸਾਰੀ ਕਰੇਗੀ।

DSS Engage ਸਰਵੇਖਣ ਦਾ ਜਵਾਬ ਦੇਣ ਵਿੱਚ ਤੁਹਾਡੀ ਬਿਹਤਰ ਤਰੀਕੇ ਨਾਲ ਸਹਾਇਤਾ ਕਰਨ ਲਈ ਇੱਕ ਦ੍ਰਿਸ਼ਟੀਗਤ ਸਹਾਇਕ-ਸਾਧਨ ਵਜੋਂ ਇੱਕ ਸਲਾਹ-ਮਸ਼ਵਰਾ ਗਾਈਡ ਵੀ ਤਿਆਰ ਕੀਤੀ ਗਈ ਹੈ।

ਅਗਲੀ ਰਾਸ਼ਟਰੀ ਯੋਜਨਾ ਵਾਸਤੇ ਡਿਜ਼ਾਈਨ, ਵਿਸ਼ਿਆਂ ਅਤੇ ਸਿੱਟਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਾਉਣ ਵਿੱਚ ਮਦਦ ਲਈ ਤੁਹਾਡੀ ਫੀਡਬੈਕ ਇੱਕ ਵਧੇਰੇ ਵਿਸ਼ਾਲ, ਰਾਸ਼ਟਰੀ ਸਲਾਹ-ਮਸ਼ਵਰੇ ਦਾ ਭਾਗ ਹੋਵੇਗੀ, ਅਤੇ 2022 ਵਿੱਚ ਇਸਦੇ ਲਾਗੂਕਰਨ ਵਾਸਤੇ ਤਰਜੀਹਾਂ ਵਿੱਚ ਅੰਤਰਝਾਤਾਂ ਪ੍ਰਦਾਨ ਕਰੇਗੀ।

ਅਸੀਂ ਇਹਨਾਂ ਦੀ ਗੱਲ ਵੀ ਸੁਣ ਰਹੇ ਹਾਂ:

- ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਬਾਰੇ ਮੁਹਾਰਤ ਰੱਖਦਾ ਇੱਕ ਸਮਰਪਿਤ ‘ਰਾਸ਼ਟਰੀ ਯੋਜਨਾ ਲਈ ਸਲਾਹਕਾਰੀ ਗਰੁੱਪ’।

- ਸਥਾਨ ਅਤੇ ਵੱਖ-ਵੱਖ ਪਿਛੋਕੜਾਂ ਨਾਲ ਸੰਬੰਧ ਰੱਖਦੇ ਵਿਸ਼ੇਸ਼ ਦ੍ਰਿਸ਼ਟੀਕੋਣਾਂ ਨੂੰ ਪਕੜਨ ਲਈ ਹਰ ਸੂਬੇ ਅਤੇ ਖਿੱਤੇ ਵਿੱਚ ਸੇਧਿਤ ਔਨਲਾਈਨ ਵਰਕਸ਼ਾਪਾਂ ਰਾਹੀਂ ਪੇਸ਼ੇਵਰ।
- ਸਲਾਹ-ਮਸ਼ਵਰੇ ਰਾਹੀਂ ਉਠਾਏ ਗਏ ਵਿਸ਼ੇਸ਼ ਮਸਲਿਆਂ ਨੂੰ ਹੱਲ ਕਰਨ ਲਈ, ਜਿਨ੍ਹਾਂ ਵਾਸਤੇ ਵਧੇਰੇ ਡੂੰਘੇ ਵਿਚਾਰ-ਵਟਾਂਦਰੇ ਦੀ ਲੋੜ ਹੈ, - ਚੋਣਵੀਆਂ ਇੰਟਰਵਿਊਆਂ।

## *ਅੱਪਡੇਟਾਂ ਵਾਸਤੇ ਸਬਸਕ੍ਰਾਈਬ ਕਰੋ*

ਹੇਠਾਂ ਸਬਸਕ੍ਰਾਈਬ ਕਰਕੇ ਤੁਸੀਂ ਇੱਕ ਬਕਾਇਦਾ ਸੂਚਨਾ-ਪੱਤਰ ਰਾਹੀਂ ਭਵਿੱਖ ਦੇ ਸਲਾਹ-ਮਸ਼ਵਰੇ ਲਈ ਮੌਕਿਆਂ ਅਤੇ ਅਗਲੀ ਰਾਸ਼ਟਰੀ ਯੋਜਨਾ ਵਾਸਤੇ ਅੱਪਡੇਟ ਪ੍ਰਾਪਤ ਕਰ ਸਕਦੇ ਹੋ।

Your email address*

email address

Subscribe

## *ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ*

ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਵਿਚਾਰਨ ਲਈ ਇੱਕ ਮੁਸ਼ਕਿਲ ਵਿਸ਼ਾ ਹੋ ਸਕਦਾ ਹੈ ਅਤੇ ਤੁਹਾਡੀ ਸਲਾਮਤੀ ਸਭ ਤੋਂ ਵੱਧ ਮਹੱਤਵਪੂਰਨ ਹੈ।

ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਕਿਸੇ ਵੀ ਸਮੇਂ ਮਦਦ ਜਾਂ ਸਹਾਇਤਾ ਦੀ ਲੋੜ ਹੈ, ਤਾਂ ਹੇਠਾਂ ਦਿੱਤੀਆਂ ਸੇਵਾਵਾਂ ਵਿੱਚੋਂ ਕਿਸੇ ਨਾਲ ਸੰਪਰਕ ਕਰੋ:

- ਕਿਸੇ ਸੰਕਟਕਾਲ ਵਿੱਚ ਟ੍ਰਿਪਲ ਜ਼ੀਰੋ (000) 'ਤੇ ਕਾਲ ਕਰੋ
- ਪਰਿਵਾਰਕ, ਘਰੇਲੂ, ਅਤੇ ਜਿਨਸੀ ਹਿੰਸਾ ਦੇ ਮਾਮਲਿਆਂ ਲਈ 1800RESPECT (1800 737 732)
- ਸੰਕਟ ਵਿੱਚ ਸਹਾਇਤਾ ਅਤੇ ਆਤਮਹੱਤਿਆ ਦੀ ਰੋਕਥਾਮ ਵਾਸਤੇ Lifeline 13 11 14
- ਚਿੰਤਾ, ਉਦਾਸੀਨਤਾ ਅਤੇ ਆਤਮਹੱਤਿਆ ਵਾਸਤੇ Beyond Blue 1300 224 636
- ਪਰਿਵਾਰਕ ਅਤੇ ਰਿਸ਼ਤੇ ਸੰਬੰਧੀ ਸ਼ੰਕਿਆਂ ਵਾਲੇ ਮਰਦਾਂ ਵਾਸਤੇ ਸਹਾਇਤਾ ਲਈ MensLine 1300 78 99 78
- ਆਤਮਹੱਤਿਆ ਸੰਬੰਧੀ ਕਾਲ ਬੈਕ ਸਰਵਿਸ 1300 659 467.

---

## Static text boxes and buttons to appear on every page of your consultation

ਇਸ ਨੂੰ (social media icons) 'ਤੇ ਸਾਂਝਾ ਕਰੋ

## Key dates

ਸਲਾਹ-ਮਸ਼ਵਰੇ ਦੀ ਸ਼ੁਰੂਆਤ XXX 2021 ਨੂੰ time AEST ਵਜੇ (TBC soon)

ਸਲਾਹ-ਮਸ਼ਵਰੇ ਦੀ ਸਮਾਪਤੀ XXX 2021 ਨੂੰ time AEST ਵਜੇ (TBC soon)

## Buttons

☒ ਸਾਡੇ ਨਾਲ ਸੰਪਰਕ ਕਰੋ [Nationalplanfeedback@dss.gov.au](mailto:Nationalplanfeedback@dss.gov.au)

☒ ਅੱਪਡੇਟਾਂ ਵਾਸਤੇ ਸਬਸਕ੍ਰਾਈਬ ਕਰੋ

☒ ਆਸਟ੍ਰੇਲੀਆ ਵਿੱਚ ਹੋਰ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ: ਸੰਖੇਪ ਜਾਣਕਾਰੀ

☐ ਹੋਰ

---

## Family, domestic and sexual violence in Australia – an overview

ਘਰੇਲੂ ਹਿੰਸਾ ਤੋਂ ਭਾਵ ਹੈ ਹਿੰਸਾ ਦੇ ਕਾਰਜ ਜੋ ਅਜਿਹੇ ਦੋ ਲੋਕਾਂ ਵਿਚਕਾਰ ਵਾਪਰਦੇ ਹਨ ਜੋ ਨਜ਼ਦੀਕੀ ਰਿਸ਼ਤੇ ਵਿੱਚ ਹਨ, ਜਾਂ ਸਨ। ਇਸ ਵਿੱਚ ਸਰੀਰਕ, ਜਿਨਸੀ, ਭਾਵਨਾਤਮਕ, ਮਨੋਵਿਗਿਆਨਕ ਅਤੇ ਵਿੱਤੀ ਸੋਸ਼ਣ ਸ਼ਾਮਲ ਹੈ। ਹਾਲਾਂਕਿ ਕੋਈ ਇੱਕ ਪਰਿਭਾਸ਼ਾ ਨਹੀਂ ਹੈ, ਪਰ ਘਰੇਲੂ ਹਿੰਸਾ ਦਾ ਕੇਂਦਰੀ ਅੰਸ਼ ਅਜਿਹਾ ਵਿਵਹਾਰ ਹੁੰਦਾ ਹੈ ਜੋ ਹਿੰਸਾ ਦੇ ਲਿੰਗੀ ਚਾਲਕਾਂ ਤੋਂ ਪ੍ਰੇਰਿਤ ਹੁੰਦਾ ਹੈ ਜਿਸ ਵਿੱਚ ਡਰ, ਧੱਕੇਸ਼ਾਹੀ ਅਤੇ ਧਮਕੀ ਨਾਲ ਕਿਸੇ ਸਾਥੀ/ਸਾਥਣ ਨੂੰ ਕੰਟਰੋਲ ਕਰਨਾ ਸ਼ਾਮਲ ਹੋ ਸਕਦਾ ਹੈ — ਉਦਾਹਰਨ ਲਈ ਅਜਿਹੇ ਵਿਵਹਾਰ ਦੀ ਵਰਤੋਂ ਕਰਕੇ ਜੋ ਹਿੰਸਕ ਅਤੇ ਧਮਕਾਊ ਹੈ।

ਪਰਿਵਾਰਕ ਹਿੰਸਾ ਦਾ ਭਾਵ ਪਰਿਵਾਰਕ ਮੈਂਬਰਾਂ ਵਿਚਕਾਰ, ਅਤੇ ਨਾਲ ਹੀ ਨਜ਼ਦੀਕੀ ਸਾਥੀ-ਸਾਥਣ ਵਿਚਕਾਰ ਹਿੰਸਾ ਤੋਂ ਹੈ। ਇਸ ਵਿੱਚ ਉਸੇ ਕਿਸਮ ਦੇ ਵਿਵਹਾਰ ਸ਼ਾਮਲ ਹੁੰਦੇ ਹਨ ਜਿਨ੍ਹਾਂ ਦਾ ਵਰਣਨ ਘਰੇਲੂ ਹਿੰਸਾ ਵਾਸਤੇ ਕੀਤਾ ਗਿਆ ਹੈ, ਪਰ ਇਸ ਵਿੱਚ ਵਿਆਹ ਅਤੇ ਖੂਨ ਦੇ ਰਿਸ਼ਤਿਆਂ ਦੀ ਵਧੇਰੇ ਵਿਸ਼ਾਲ ਰੇਂਜ਼ ਸ਼ਾਮਲ ਹੁੰਦੀ ਹੈ ਜਿਨ੍ਹਾਂ ਵਿੱਚ ਹਿੰਸਾ ਵਾਪਰ ਸਕਦੀ ਹੈ।

ਜਿਨਸੀ ਹਿੰਸਾ ਤੋਂ ਭਾਵ ਹੈ ਬਿਨਾਂ ਸਹਿਮਤੀ ਦੇ ਜਿਨਸੀ ਕਿਰਿਆਵਾਂ। ਇਸ ਵਿੱਚ ਧੱਕੇਸ਼ਾਹੀ, ਸਰੀਰਕ ਬਲ, ਬਲਾਤਕਾਰ, ਔਜ਼ਾਰਾਂ ਦੇ ਨਾਲ ਜਿਨਸੀ ਹਮਲਾ, ਅਸ਼ਲੀਲ ਮੀਡੀਆ ਦੇਖਣ ਜਾਂ ਇਸ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕਰਨਾ, ਜ਼ਬਰਨ ਵੇਸਵਾਗਿਰੀ, ਜਾਂ ਹੋਰ ਲੋਕਾਂ ਨਾਲ ਸੰਭੋਗ ਕਰਨ ਲਈ ਮਜ਼ਬੂਰ ਕਰਨਾ ਸ਼ਾਮਲ ਹੋ ਸਕਦਾ ਹੈ। ਜਿਨਸੀ ਹਿੰਸਾ ਕਿਸੇ ਵਰਤਮਾਨ ਜਾਂ ਸਾਬਕਾ ਸਾਥੀ ਜਾਂ ਸਾਥਣ ਦੁਆਰਾ, ਪੀੜਤ ਦੇ ਜਾਣਕਾਰ ਹੋਰ ਲੋਕਾਂ ਦੁਆਰਾ, ਜਾਂ ਅਜਨਬੀਆਂ ਦੁਆਰਾ ਕੀਤੀ ਜਾ ਸਕਦੀ ਹੈ।

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜਾਂ ਲਗਾਤਾਰ ਲਿੰਗੀ ਨਾ-ਬਰਾਬਰਤਾ ਨੂੰ ਪਰਿਵਾਰਕ, ਘਰੇਲੂ, ਅਤੇ ਜਿਨਸੀ ਹਿੰਸਾ (FDSV) ਦੇ ਮੋਹਰੀ ਯੋਗਦਾਨ-ਕਾਰਕਾਂ ਵਿੱਚੋਂ ਇੱਕ ਵਜੋਂ ਪਛਾਣਦੀਆਂ ਹਨ।

ਖੋਜ ਇਹ ਵੀ ਦਿਖਾਉਂਦੀ ਹੈ ਕਿ FDSV ਮੁੱਖ ਤੌਰ ’ਤੇ ਔਰਤਾਂ ਅਤੇ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ। 2016 ਨਿੱਜੀ ਸੁਰੱਖਿਆ ਸਰਵੇਖਣ ਨੇ ਪਾਇਆ ਹੈ ਕਿ ਚਾਰ ਔਰਤਾਂ ਵਿੱਚੋਂ ਲਗਭਗ ਇੱਕ ਅਤੇ 13 ਮਰਦਾਂ ਵਿੱਚੋਂ ਇੱਕ ਨੇ 15 ਸਾਲਾਂ ਦੀ ਉਮਰ ਤੋਂ ਲੈਕੇ ਕਿਸੇ ਨਜ਼ਦੀਕੀ ਸਾਥੀ/ਸਾਥਣ ਤੋਂ ਸਰੀਰਕ ਜਾਂ ਜਿਨਸੀ ਹਿੰਸਾ ਨੂੰ ਅਨੁਭਵ ਕੀਤਾ ਹੈ।

2010 ਵਿੱਚ *ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ਼ ਹਿੰਸਾ ਘਟਾਉਣ ਲਈ ਰਾਸ਼ਟਰੀ ਯੋਜਨਾ* ਨੂੰ ਲਿਆਂਦੇ ਜਾਣ ਤੋਂ ਲੈਕੇ, ਆਸਟ੍ਰੇਲੀਆ ਦੀ ਸਰਕਾਰ ਨੇ FDSV 'ਤੇ ਸਿੱਧੇ ਤੌਰ ’ਤੇ ਪ੍ਰਤਿਕਿਰਿਆ ਕਰਨ, ਅਤੇ ਇਸਦੀ ਰੋਕਥਾਮ ਕਰਨ ਲਈ $1 ਬਿਲੀਅਨ ਦਾ ਨਿਵੇਸ਼ ਕੀਤਾ ਹੈ।

2019 ਵਿੱਚ ਲਿਆਂਦੀ ਗਈ, ਚੌਥੀ ਕਾਰਵਾਈ ਯੋਜਨਾ (Fourth Action Plan) ਰਾਸ਼ਟਰੀ ਯੋਜਨਾ ਤਹਿਤ ਅੰਤਿਮ ਕਾਰਵਾਈ ਯੋਜਨਾ ਹੈ ਅਤੇ ਇਹ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਖਿਲਾਫ਼ ਹਿੰਸਾ ਨੂੰ ਘਟਾਉਣ ਲਈ ਆਸਟ੍ਰੇਲੀਆਈ ਸਰਕਾਰ ਦੁਆਰਾ $340 ਮਿਲੀਅਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਫ਼ੰਡ ਨੇ ਮੂਹਰਲੀ ਕਤਾਰ ਦੀਆਂ ਸੇਵਾਵਾਂ ਦਾ ਸਮਰਥਨ

ਕਰਨ, ਪੀੜਤਾਂ ਨੂੰ ਸੁਰੱਖਿਅਤ ਸਥਾਨ ਪ੍ਰਦਾਨ ਕਰਾਉਣ ਅਤੇ ਉਹਨਾਂ ਨੂੰ ਉਹਨਾਂ ਦੇ ਆਪਣੇ ਘਰਾਂ ਵਿੱਚ ਸੁਰੱਖਿਅਤ ਰੱਖਣ, ਅਤੇ ਪਰਿਵਾਰਕ ਕਨੂੰਨ ਦੇ ਮਾਮਲਿਆਂ ਵਿੱਚ ਪੁਰਸ਼ ਪੀੜਤਾਂ ਅਤੇ ਕਥਿਤ ਦੋਸ਼ੀਆਂ ਨਾਲ ਕੰਮ ਕਰਨ ਵਿੱਚ ਮਦਦ ਕੀਤੀ ਹੈ।

COVID-19 'ਤੇ ਪ੍ਰਤਿਕਿਰਿਆ ਵਜੋਂ, ਸਰਕਾਰ ਨੇ COVID-19 ਘਰੇਲੂ ਅਤੇ ਪਰਿਵਾਰਕ ਹਿੰਸਾ ਲਈ ਪ੍ਰਤੀਕਿਰਿਆਵਾਂ ਬਾਬਤ 'ਰਾਸ਼ਟਰੀ ਭਾਈਵਾਲੀ ਸਮਝੌਤੇ' (NPA) ਰਾਹੀਂ ਸਿੱਧੇ ਤੌਰ 'ਤੇ ਸੂਬਿਆਂ ਅਤੇ ਖ਼ਿੱਤਿਆਂ ਨੂੰ $130 ਮਿਲੀਅਨ ਦੇ ਵਾਧੂ ਫ਼ੰਡ ਵੰਡੇ। ਇਸ ਨੇ ਉਹਨਾਂ ਔਰਤਾਂ ਅਤੇ ਬੱਚਿਆਂ ਦਾ ਸਮਰਥਨ ਕਰਨ ਲਈ ਸੇਵਾਵਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਜੋ ਮਹਾਂਮਾਰੀ ਦੌਰਾਨ ਹਿੰਸਾ ਅਨੁਭਵ ਕਰ ਰਹੇ ਹਨ ਜਾਂ ਇਸ ਦੇ ਜੋਖ਼ਮ ਵਿੱਚ ਹਨ, ਜਿਸ ਵਿੱਚ ਅਸੁਰੱਖਿਅਤ ਸਾਥੀ, ਆਰਜ਼ੀ ਵੀਜ਼ੇ ਉੱਤੇ ਰਹਿ ਰਹੀਆਂ ਔਰਤਾਂ ਅਤੇ ਦੂਰ-ਦੁਰਾਡੇ ਰਹਿਣ ਵਾਲੇ ਭਾਈਚਾਰੇ ਸ਼ਾਮਲ ਹਨ।

ਰਾਸ਼ਟਰੀ ਯੋਜਨਾ ਬਾਰੇ ਅਤੇ ਇਸਦਾ ਸਮਰਥਨ ਕਰਨ ਵਾਲੀਆਂ 'ਲਾਗੂਕਰਨ ਅਤੇ ਕਾਰਵਾਈ ਯੋਜਨਾਵਾਂ' ਬਾਰੇ ਵਧੇਰੇ ਜਾਣਕਾਰੀ ਵਾਸਤੇ,plan4womenssafety ਵੈੱਬਸਾਈਟ ਦੇਖੋ।

---

## ਅੱਪਡੇਟਾਂ ਵਾਸਤੇ ਸਬਸਕ੍ਰਾਈਬ ਕਰੋ

ਹੇਠਾਂ ਸਬਸਕ੍ਰਾਈਬ ਕਰਕੇ ਤੁਸੀਂ ਇੱਕ ਬਕਾਇਦਾ ਸੂਚਨਾ-ਪੱਤਰ ਰਾਹੀਂ ਭਵਿੱਖ ਦੇ ਸਲਾਹ-ਮਸ਼ਵਰੇ ਲਈ ਮੌਕਿਆਂ ਅਤੇ ਅਗਲੀ ਰਾਸ਼ਟਰੀ ਯੋਜਨਾ ਵਾਸਤੇ ਅੱਪਡੇਟ ਪ੍ਰਾਪਤ ਕਰ ਸਕਦੇ ਹੋ।

Your email address*

email address

Subscribe